THE PUNJAB STATE BOARD OF TECHNICAL EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ: ਪੀਐਸਬੀਟੀਆਈਟੀ/ 1084 ਅਤਿ ਜ਼ਰੂਰੀ ਮਿਤੀ: 17.5.17

ਵੱਲ,

ਪ੍ਰਿੰਸੀਪਲ/ਮੁੱਖ ਅਧਿਆਪਕ
ਸਮੂਹ ਸਰਕਾਰੀ ਅਤੇ ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ (ਐਨ.ਸੀ.ਵੀ.ਟੀ ਸਕੀਮ ਅਧੀਨ)
ਪੰਜਾਬ ਰਾਜ ਅਧੀਨ।

**ਵਿਸ਼ਾ: ਡੀ.ਜੀ.ਟੀ, ਨਵੀਂ ਦਿੱਲੀ ਦੇ ਐਮ.ਆਈ.ਐਸ ਪੋਰਟਲ ਨਾਲ ਸਬੰਧਤ ਰਿਜਲਟ ਡਿਕਲੇਅਰ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਮੂਹ ਸੰਸਥਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਭਾਂਵੇਂ ਡੀ.ਜੀ.ਟੀ, ਨਵੀਂ ਦਿੱਲੀ ਵੱਲੋਂ ਮੁਹੱਈਆ ਕਰਵਾਏ ਗਏ ਸ਼ਡਿਊਲ ਮੁਤਾਬਿਕ ਸਮੂਹ ਸੰਸਥਾਵਾਂ ਨੂੰ ਸਮੇਂ ਸਮੇਂ ਤੇ ਸਿਖਿਆਰਥੀਆਂ ਨਾਲ ਸਬੰਧਤ ਡਾਟਾ ਅਪਡੇਸ਼ਨ (Sessional Marks, Attendance, Exam Fee Status) ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ ਪਰ ਫਿਰ ਵੀ ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਸੰਸਥਾਵਾਂ ਵੱਲੋਂ ਇਹਨਾਂ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਗਈ ਹੈ ਅਤੇ ਸ਼ਡਿਊਲ ਮੁਤਾਬਿਕ ਯੋਗ ਕਾਰਵਾਈ ਨਹੀਂ ਕੀਤੀ ਗਈ ਹੈ। ਇਸ ਕਾਰਨ ਸਿਖਿਆਰਥੀਆਂ ਦਾ ਹੁਣ ਤੱਕ ਵੀ ਡੀ.ਜੀ.ਟੀ, ਨਵੀਂ ਦਿੱਲੀ ਵੱਲੋਂ ਰਿਜਲਟ ਡਿਕਲੇਅਰ ਕੀਤਾ ਨਹੀਂ ਜਾ ਸਕਿਆ।

ਇਸ ਪੱਤਰ ਰਾਹੀਂ ਸਮੂਹ ਸੰਸਥਾਵਾਂ ਦੇ ਮੁਖੀਆਂ ਨੂੰ ਆਖਿਰੀ ਮੌਕਾ ਦਿੰਦੇ ਹੋਏ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਜਿੰਨ੍ਹਾਂ ਸੰਸਥਾਵਾਂ ਦੁਆਰਾ Eligible ਸਿਖਿਆਰਥੀਆਂ ਦਾ ਡਾਟਾ ਸਟੇਟਸ ਅਪਡੇਟ ਕਰ ਦਿੱਤਾ ਗਿਆ ਹੈ ਅਤੇ ਉਹਨਾਂ ਦੇ ਪ੍ਰੈਕਟੀਕਲ ਅਤੇ ਇੰਜ: ਡਰਾਇੰਗ ਦੇ ਮਾਰਕਸ ਨਾ ਅਪਲੋਡ ਹੋਣ ਕਾਰਨ ਰਿਜਲਟ ਪੈਡਿੰਗ ਹੈ, ਸਬੰਧੀ ਸੂਚਨਾ ਮਿਤੀ 18-05-2017 ਸ਼ਾਮ 3:00 ਵਜੇ ਤੱਕ ਨਾਲ ਨੱਥੀ ਨਿਰਧਾਰਿਤ ਪ੍ਰਫਾਰਮੇ ਉੱਤੇ ਕੇਵਲ ਐਕਸਲ ਫਾਰਮੇਟ ਵਿੱਚ ਹੀ ਲੋੜੀਂਦੇ ਦਸਤਾਵੇਜਾਂ (ਪ੍ਰਿੰਸੀਪਲ ਤੋਂ ਤਸਦੀਕਸ਼ੁਦਾ ਪ੍ਰੈਕਟੀਕਲ ਮਾਰਕਸ ਦੀਆਂ ਲਿਸਟਾਂ ) ਸਮੇਤ ਬੋਰਡ ਦੀ ਈਮੇਲ ਅਡਰੈਸ aceitipb@gmail.com ਤੇ ਭੇਜਣੀ ਯਕੀਨੀ ਬਣਾਈ ਜਾਵੇ। ਇਸ ਤੋਂ ਇਲਾਵਾ ਸਮੂਹ ਸੰਸਥਾਵਾਂ ਵੱਲੋਂ ਹੇਠ ਦਰਸਾਏ ਅਨੁਸਾਰ ਸਰਟੀਫਿਕੇਟ ਵੀ ਉਕਤ ਦਰਸਾਏ ਈਮੇਲ ਅਡਰੈਸ ਤੇ ਨਿਰਧਾਰਿਤ ਮਿਤੀ ਤੱਕ ਭੇਜਣਾ ਯਕੀਨੀ ਬਣਾਇਆ ਜਾਵੇ:-

" ਤਸਦੀਕ ਕੀਤਾ ਜਾਂਦਾ ਹੈ ਕਿ ਸਾਡੀ ਸੰਸਥਾ ਦੇ ਜਿੰਨ੍ਹਾਂ ਯੋਗ ਸਿਖਿਆਰਥੀਆਂ ਦੇ ਰਿਜਲਟ ਪ੍ਰੈਕਟੀਕਲ ਅਤੇ ਇੰਜ: ਡਰਾਇੰਗ ਦੇ ਮਾਰਕਸ ਅਪਲੋਡ ਨਾ ਹੋਣ ਕਰਕੇ ਪੈਡਿੰਗ ਹਨ, ਸਬੰਧੀ ਸੰਸਥਾ ਦੇ ਪੱਧਰ ਤੇ ਬਣਦੀ ਯੋਗ ਕਾਰਵਾਈ ਕਰਕੇ ਮੰਗ ਅਨੁਸਾਰ ਸੂਚਨਾ ਬੋਰਡ ਦਫਤਰ ਨੂੰ ਭੇਜ ਦਿੱਤੀ ਗਈ ਹੈ ਅਤੇ ਇਸ ਤੋਂ ਇਲਾਵਾ ਹੋਰ ਕਿਸੇ ਵੀ ਸਿਖਿਆਰਥੀ ਦਾ ਰਿਜਲਟ ਪੈਡਿੰਗ ਨਹੀਂ ਹੈ। "

ਜੇਕਰ ਕਿਸੇ ਵੀ ਸੰਸਥਾ ਵੱਲੋਂ ਨਿਰਧਾਰਿਤ ਮਿਤੀ/ਸਮੇਂ ਤੱਕ ਸੂਚਨਾ ਪ੍ਰਾਪਤ ਨਹੀਂ ਹੁੰਦੀ ਤਾਂ ਇਹ ਸਮਝ ਲਿਆ ਜਾਵੇਗਾ ਕਿ ਕਿਸੇ ਵੀ ਸੰਸਥਾ ਦੇ ਸਿਖਿਆਰਥੀ ਦਾ ਕੋਈ ਰਿਜਲਟ ਪੈਡਿੰਗ ਨਹੀਂ ਹੈ ਅਤੇ ਉਸੇ ਅਨੁਸਾਰ ਬੋਰਡ ਦਫਤਰ ਵੱਲੋਂ ਬਣਦੀ ਯੋਗ ਕਾਰਵਾਈ ਕਰ ਲਈ ਜਾਵੇਗੀ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

**ਨੋਟ: ਮੰਗੀ ਗਈ ਸੂਚਨਾ ਕੇਵਲ ਐਕਸਲ ਫਾਰਮੇਟ ਵਿੱਚ ਨਿਰਧਾਰਿਤ ਪ੍ਰਫਾਰਮੇ ਤੇ ਈਮੇਲ ਅਡਰੈਸ aceitipb@gmail.com ਤੇ ਹੀ ਭੇਜੀ ਜਾਵੇ ਅਤੇ ਈਮੇਲ ਦਾ ਵਿਸ਼ਾ " Updation of MIS Portal Results" ਦਰਸਾਇਆ ਜਾਵੇ।**

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:

1. ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਜੀ ਨੂੰ ਮਿਤੀ 17-05-2017 ਨੂੰ ਹੋਈ ਮੀਟਿੰਗ ਦੇ ਸਬੰਧ ਵਿੱਚ ਸੂਚਨਾ ਹਿਤ ਭੇਜਿਆ ਜਾਂਦਾ ਹੈ।
2. ਪੀ.ਏ ਟੂ ਸਕੱਤਰ
3. ਐਡਮਿਨ ਸ਼ਾਖਾ
4. ਸਿਸਟਮ ਐਡਮਿਨਸਟਰੇਟਰ

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ